PUBLIC GUARDIAN AND TRUSTEE OF BRITISH COLUMBIA

# ਜਾਇਦਾਦ ਦੇ ਪ੍ਰਬੰਧ ਦੀਆਂ ਸੇਵਾਵਾਂ

## ਵਸੀਅਤ ਤੋਂ ਬਿਨਾਂ

ਬੀ ਸੀ ਵਿਚ ਜਦੋਂ ਕਿਸੇ ਵਿਅਕਤੀ ਦੀ ਬਿਨਾਂ ਵਸੀਅਤ ਦੇ ਮੌਤ ਹੋ ਜਾਂਦੀ ਹੈ ਤਾਂ *ਵਿਲਜ਼*, ਇਸਟੇਟਸ ਐਂਡ ਸਕਸੈਸ਼ਨ ਐਕਟ ਉਨ੍ਹਾਂ ਲੋਕਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੂੰ ਜਾਇਦਾਦ (ਇਸਟੇਟ) ਦਾ ਪ੍ਰਬੰਧ ਚਲਾਉਣ ਦਾ ਹੱਕ ਹੈ।

ਤਰਜੀਹ ਦੇ ਹਿਸਾਬ ਨਾਲ ਉਹ ਹਨ:

- ਸਪਾਉਸ (ਪਤਨੀ/ਪਤੀ) ਜਾਂ ਸਪਾਉਸ ਵਲੋਂ ਨਾਮਜ਼ਦ ਕੀਤਾ ਗਿਆ ਕੋਈ ਵਿਅਕਤੀ
- ਕੋਈ ਬੱਚਾ ਜਿਸ ਨੂੰ ਬਹੁਗਿਣਤੀ ਬੱਚਿਆਂ ਦੀ ਸਹਿਮਤੀ ਹੈ ਜਾਂ ਉਸ ਬੱਚੇ ਵਲੋਂ ਨਾਮਜ਼ਦ ਕੀਤਾ ਗਿਆ ਕੋਈ ਵਿਅਕਤੀ
- ਕੋਈ ਬੱਚਾ ਜਿਸ ਨੂੰ ਬਹੁਗਿਣਤੀ ਬੱਚਿਆਂ ਦੀ ਸਹਿਮਤੀ ਨਹੀਂ ਹੈ
- ਸਪਾਉਸ ਜਾਂ ਬੱਚੇ ਦੇ ਇਲਾਵਾ ਕੋਈ ਹੋਰ ਬੇਵਸੀਅਤਾ (ਇੰਟਸਟੇਟ) ਵਾਰਸ, ਜਿਸ ਨੂੰ ਬਹੁਗਿਣਤੀ ਬੇਵਸੀਅਤੇ ਵਾਰਸਾਂ ਦੀ ਸਹਿਮਤੀ ਹੈ
- ਸਪਾਉਸ ਜਾਂ ਬੱਚੇ ਦੇ ਇਲਾਵਾ ਕੋਈ ਹੋਰ ਬੇਵਸੀਅਤਾ ਵਾਰਸ, ਜਿਸ ਨੂੰ ਬਹੁਗਿਣਤੀ ਬੇਵਸੀਅਤੇ ਵਾਰਸਾਂ ਦੀ ਸਹਿਮਤੀ ਨਹੀਂ ਹੈ
- ਕੋਈ ਵੀ ਹੋਰ ਵਿਅਕਤੀ ਜਿਸ ਨੂੰ ਅਦਾਲਤ ਨਿਯੁਕਤ ਕਰਨ ਬਾਰੇ ਵਿਚਾਰ ਕਰਦੀ ਹੈ ਜਿਸ ਵਿਚ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਵੀ ਸ਼ਾਮਲ ਹੈ।

## ਪੀ ਜੀ ਟੀ ਵਲੋਂ ਜਾਇਦਾਦ ਦਾ ਪ੍ਰਬੰਧ

ਜੇ ਕੋਈ ਰਿਸ਼ਤੇਦਾਰ ਨਹੀਂ ਹੈ ਜਿਹੜਾ ਇਹ ਜ਼ਿੰਮੇਵਾਰੀ ਚੁੱਕਣ ਦਾ ਖਾਹਸ਼ਮੰਦ ਅਤੇ ਇਸ ਦੇ ਯੋਗ ਹੈ ਤਾਂ ਪੀ ਜੀ ਟੀ ਜਾਇਦਾਦ ਦਾ ਪ੍ਰਬੰਧ ਕਰਨ ਦੀ ਚੋਣ ਕਰ ਸਕਦਾ ਹੈ, ਜੇ ਜਾਇਦਾਦ ਬਾਰੇ ਵਿਚਾਰ ਕਰਨ ਤੋਂ ਬਾਅਦ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਸਾਡੀਆਂ ਸੇਵਾਵਾਂ ਦੀ ਲੋੜ ਹੈ।

ਪੀ ਜੀ ਟੀ ਜਾਇਦਾਦ ਦਾ ਪ੍ਰਬੰਧ ਨਹੀਂ ਚਲਾਉਂਦਾ ਜੇ ਇਸਟੇਟ ਦੀ ਸੰਪਤੀ ਦੀ ਅੰਦਾਜ਼ਨ ਕੁੱਲ ਕੀਮਤ, ਸੰਸਕਾਰ ਅਤੇ ਪ੍ਰਬੰਧਕੀ ਖਰਚਿਆਂ ਅਤੇ ਪੀ ਜੀ ਟੀ ਦੀਆਂ ਫੀਸਾਂ ਦੇਣ ਜੋਗੀ ਨਹੀਂ ਹੈ।

ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣਾ ਇਕ ਲੰਬਾ ਕਾਰਜ ਹੋ ਸਕਦਾ ਹੈ ਜਿਸ ਵਿਚ ਬਹੁਤ ਸਾਰੇ ਕਦਮ ਹੁੰਦੇ ਹਨ।

ਇਨ੍ਹਾਂ ਵਿਚ ਸ਼ਾਮਲ ਹਨ:

- ਸੰਸਕਾਰ ਦੇ ਪ੍ਰਬੰਧ ਕਰਨਾ
- ਸੰਪਤੀ ਦੀ ਪਛਾਣ ਕਰਨਾ, ਇਸ ਨੂੰ ਸੁਰੱਖਿਅਤ ਕਰਨਾ ਅਤੇ ਇਸ ਨਾਲ ਸਿੱਝਣਾ
- ਅਦਾਲਤ ਤੋਂ ਅਧਿਕਾਰ ਹਾਸਲ ਕਰਨਾ
- ਯੋਗ ਕਰਜ਼ੇ ਅਤੇ ਜਾਇਦਾਦ ਦੇ ਖਿਲਾਫ ਕਲੇਮਾਂ ਦੀ ਪਛਾਣ ਕਰਨਾ ਅਤੇ ਇਨ੍ਹਾਂ ਦਾ ਭੁਗਤਾਨ ਕਰਨਾ
- ਟੈਕਸ ਦੇ ਪੇਪਰ ਭਰਨਾ
- ਪੈਦਾ ਹੋਣ ਵਾਲੇ ਕਾਨੂੰਨੀ ਮਾਮਲਿਆਂ ਨਾਲ ਸਿੱਝਣਾ
- ਬਾਕੀ ਬਚਦੀ ਜਾਇਦਾਦ, ਹੱਕੀ ਇੰਟਰਸਟੇਟ ਵਾਰਸਾਂ ਅਤੇ/ਜਾਂ ਲਾਭ-ਪਾਤਰਾਂ ਨੂੰ ਦੇਣ ਲਈ ਉਨ੍ਹਾਂ ਦੀ ਪਛਾਣ ਕਰਨਾ, ਲੱਭਣਾ ਅਤੇ ਵੰਡਣਾ।

## ਵਸੀਅਤ ਨਾਲ

ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਉਹ ਵਸੀਅਤ ਛੱਡ ਕੇ ਜਾਂਦਾ ਹੈ ਤਾਂ ਸੰਸਕਾਰ ਦੇ ਪ੍ਰਬੰਧ ਕਰਨ ਅਤੇ ਜਾਇਦਾਦ ਦਾ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਵਸੀਅਤ ਵਿਚ ਲਿਖੇ ਗਏ ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਦੀ ਹੈ। ਜੇ ਵਸੀਅਤ ਦਾ ਪ੍ਰਬੰਧਕ ਕਾਰਜ ਨਹੀਂ ਕਰ ਸਕਦਾ ਅਤੇ ਕੋਈ ਹੋਰ ਨਹੀਂ ਹੈ (ਵਸੀਅਤ ਦਾ ਕੋਈ ਬਦਲਵਾਂ ਪ੍ਰਬੰਧਕ ਜਾਂ ਲਾਭ-ਪਾਤਰ) ਜਿਹੜਾ ਜਾਇਦਾਦ ਦਾ ਪ੍ਰਬੰਧ ਚਲਾਉਣ ਦਾ ਖਾਹਸ਼ਮੰਦ ਅਤੇ ਯੋਗ ਹੈ ਤਾਂ ਪੀ ਜੀ ਟੀ ਇਹ ਸਰਵਿਸ ਦੇ ਸਕਦਾ ਹੈ। ਪੀ ਜੀ ਟੀ ਨੂੰ ਵਸੀਅਤ ਵਿਚ ਵੀ ਵਸੀਅਤ ਦਾ ਪ੍ਰਬੰਧਕ ਬਣਾਇਆ ਜਾ ਸਕਦਾ ਹੈ। ਕਿਸੇ ਵੀ ਕੇਸ ਵਿਚ, ਜਾਇਦਾਦ ਦਾ ਪ੍ਰਬੰਧ ਵਸੀਅਤ ਵਿਚ ਦਿੱਤੀਆਂ ਗਈਆਂ ਹਿਦਾਇਤਾਂ ਮੁਤਾਬਕ ਕੀਤਾ ਜਾਂਦਾ ਹੈ ਅਤੇ ਹਦਾਇਤਾਂ ਮੁਤਾਬਕ ਵੰਡੀ ਜਾਂਦੀ ਹੈ।

ਜਾਇਦਾਦ ਦਾ ਪ੍ਰਬੰਧ ਚਲਾਉਣ ਵੇਲੇ ਪੀ ਜੀ ਟੀ ਮਾਹਰ, ਨਿਰਪੱਖ ਅਤੇ ਪੇਸ਼ਾਵਰ ਸਰਵਿਸ ਪ੍ਰਦਾਨ ਕਰਦਾ ਹੈ। ਹਰ ਜਾਇਦਾਦ ਨੂੰ ਸਥਾਪਤ ਪਾਲਸੀਆਂ ਅਤੇ ਤਰੀਕਿਆਂ ਮੁਤਾਬਕ ਸਾਂਭਿਆ ਜਾਂਦਾ ਹੈ, ਸਮੇਤ ਉਨ੍ਹਾਂ ਸਖਤ ਕੰਟਰੋਲਾਂ ਦੇ ਕਿ ਸੰਪਤੀ ਨੂੰ ਸੁਰੱਖਿਅਤ ਕਿਵੇਂ ਕਰਨਾ ਹੈ, ਕੀਮਤ ਦਾ ਅੰਦਾਜ਼ਾ ਕਿਵੇਂ ਲਾਉਣਾ ਹੈ ਅਤੇ ਨਿਬੇੜਾ ਕਿਵੇਂ ਕਰਨਾ ਹੈ ਅਤੇ ਇਸਟੇਟ ਦੇ ਫੰਡ ਕਿਵੇਂ ਇਨਵੈਸਟ ਕਰਨੇ ਹਨ। ਕਿਸੇ ਜਾਇਦਾਦ ਦਾ ਪ੍ਰਬੰਧ ਚਲਾਉਣ ਵੇਲੇ ਪੀ ਜੀ ਟੀ ਦੇ ਕੰਟਰੋਲ ਹੇਠਲੇ ਪੈਸੇ ਵਿਆਜ ਕਮਾਉਂਦੇ ਹਨ। ਜਾਇਦਾਦ ਦਾ ਪ੍ਰਬੰਧ ਚਲਾਉਣ ਲਈ ਪੀ ਜੀ ਟੀ ਦੀਆਂ ਫੀਸਾਂ *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ* ਅਧੀਨ ਤਹਿ ਕੀਤੀਆਂ ਜਾਂਦੀਆਂ ਹਨ।

ਪੀ ਜੀ ਟੀ ਵਲੋਂ ਦਿੱਤੀਆਂ ਜਾਂਦੀਆਂ ਇਸਟੇਟ ਅਤੇ ਨਿੱਜੀ ਟਰੱਸਟ ਦੀਆਂ ਸੇਵਾਵਾਂ ਬਾਰੇ ਹੋਰ ਜਾਣਕਾਰੀ ਸਾਡੇ ਵੈੱਬਸਾਈਟ ’ਤੇ ਦੇਖੀ ਜਾ ਸਕਦੀ ਹੈ – **www.trustee.bc.ca.** ਪ੍ਰਬੰਧਕੀ ਫੀਸਾਂ ਬਾਰੇ ਖਾਸ ਜਾਣਕਾਰੀ “ਫੀਜ਼ ਚਾਰਜਿਡ ਬਾਏ ਦਾ ਪੀ ਜੀ ਟੀ” ਸਿਰਲੇਖ ਹੇਠ ਦਿੱਤੀ ਗਈ ਹੈ।

ਜੇ ਤੁਸੀਂ ਪੀ ਜੀ ਟੀ ਵਲੋਂ ਦਿੱਤੀਆਂ ਜਾਂਦੀਆਂ ਜਾਇਦਾਦ ਦੇ ਪ੍ਰਬੰਧ ਦੀਆਂ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ 604.660.4444 ’ਤੇ ਫੋਨ ਕਰੋ ਅਤੇ ਇਸਟੇਟ ਐਡਮਿਨਸਟਰੇਟਰ ਨਾਲ ਗੱਲ ਕਰਨ ਲਈ ਕਹੋ, ਜਾਂ estates@trustee.bc.ca ’ਤੇ ਸਾਨੂੰ ਈਮੇਲ ਭੇਜੋ।


ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
700-808 West Hastings Street
Vancouver BC V6C 3L3
ਟੈਲੀਫੋਨ: 604.660.4444
ਈਮੇਲ: estates@trustee.bc.ca
ਵੈੱਬਸਾਈਟ: www.trustee.bc.ca


ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ। (ਦਫਤਰ ਖੁਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ)

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ | 1.800.663.7867 |

*ਇਹ ਜਾਣਕਾਰੀ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਲੋਕ ਸੇਵਾ ਦੇ ਤੌਰ ’ਤੇ ਪ੍ਰਦਾਨ ਕੀਤੀ ਗਈ ਹੈ। ਪਬਲਿਕ ਗਾਰਡੀਅਨ ਐਂਡ ਟਰੱਸਟੀ ਕਾਨੂੰਨੀ ਸਲਾਹ ਨਹੀਂ ਦਿੰਦਾ।*


March 2014

4-13#42
[Punjabi]


# ਜਾਇਦਾਦ ਦੇ ਪ੍ਰਬੰਧ ਦੀਆਂ ਸੇਵਾਵਾਂ

PUBLIC GUARDIAN AND TRUSTEE OF BRITISH COLUMBIA